# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 30 ਦਸੰਬਰ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿਚ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 30 ਦਸੰਬਰ : ਸਰੀ ਵਿਖੇ ਸੀ-ਫੇਸ ਸੋਸਾਇਟੀ ਵੱਲੋਂ ਸਰੀ ਯੂਥ ਸੇਵਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਦੇ ਨਾਲ-ਨਾਲ ਸਿਆਸੀ, ਸਮਾਜਿਕ ਅਤੇ ਹੋਰ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਸਮਾਗਮ ਦੌਰਾਨ ਪ੍ਰਸਿੱਧ ਢਾਡੀ ਰਸ਼ਪਾਲ ਸਿੰਘ ਪੁਮਾਲ ਦੇ ਜੱਥੇ ਵੱਲੋਂ ਗੁਰੂ ਇਤਿਹਾਸ ਦੀ ਰਸਭਰੀ ਵਿਆਖਿਆ ਕਰਕੇ ਹਾਜਰ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਅਨਮੋਲ, ਕੁਲਵਿੰਦਰ ਧਨੋਆ, ਕੌਰ ਮਨਦੀਪ, ਵਿਜੇ ਯਮਲਾ, ਸਰਦਾਰ ਜੀ ਆਦਿ ਗਾਇਕਾਂ ਵੱਲੋਂ ਧਾਰਮਿਕ ਗੀਤਾਂ ਦੀ ਸ਼ਰਧਾ-ਭਾਵ ਨਾਲ ਪੇਸ਼ਕਾਰੀ ਕੀਤੀ ਗਈ।

ਇਸ ਮੌਕੇ ਉੱਤੇ ਐਮ ਪੀ ਸੁੱਖ ਧਾਲੀਵਾਲ, ਮੇਅਰ ਬਰਿੰਡਾ ਲੌਕ, ਐਮ ਐਲ ਏ ਸਟੀਵ ਕੁਨਰ, ਸੁਨੀਤਾ ਧੀਰ, ਹਰਮਨ ਭੰਗੂ ਅਤੇ ਬਰਾਇਨ ਟੈਪਰ ਸਮੇਤ ਕਈ ਸਿਆਸੀ ਆਗੂ ਹਾਜ਼ਰ ਸਨ। ਇਨ੍ਹਾਂ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਤ੍ਰਿਪਤ ਅਟਵਾਲ, ਆਈਕ ਸੇਖੋ, ਗੁਰਬਾਜ ਬਰਾੜ, ਸੁਨੀਲ ਮੁੰਜਾਲ, ਜਰਨੈਲ ਸਿੰਘ ਖੰਡੋਲੀ, ਸੀ ਜੇ ਸਿੱਧੂ, ਮਹੇਸ਼ਇੰਦਰ ਸਿੰਘ ਮਾਂਗਟ, ਨਿਰੰਜਨ ਸਿੰਘ ਲਹਿਲ, ਵਿਕਾਸ ਗੌਤਮ ਅਤੇ ਰਮਨ ਸ਼ਰਮਾ ਆਦਿ ਨੇ ਵੀ ਸਮਾਗਮ ਵਿੱਚ ਭਾਗ ਲਿਆ।

ਸੀ ਫੇਸ ਦੇ ਮੁੱਖ ਸੇਵਾਦਾਰਾਂ ਭੁਪਿੰਦਰ ਸਿੰਘ ਲੱਧੜ, ਅੰਮ੍ਰਿਤਪਾਲ ਸਿੰਘ ਢੋਟ, ਮਨਜੀਤ ਸਿੰਘ ਚੀਮਾ, ਲਖਵੀਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਲੱਧੜ ਅਤੇ ਸ੍ਰੀਕਾਂਤ ਵੱਲੋਂ ਸਮਾਗਮ ਵਿੱਚ ਪੁੱਜੀਆਂ ਸਭਨਾਂ ਸ਼ਖਸੀਅਤਾਂ ਅਤੇ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

## ਪ੍ਰੈੱਸ ਕਲੱਬ ਮਹਿਲ ਕਲਾਂ ਦੀ ਮੀਟਿੰਗ ‘ਚ ਅਹਿਮ ਵਿਚਾਰਾਂ
### ਪੰਜਾਬ ਸਰਕਾਰ ਵੱਲੋਂ ਐਲਾਨੀ ਕਾਮਰੇਡ ਪ੍ਰੀਤਮ ਸਿੰਘ ਦਰਦੀ ਦੀ ਢੁੱਕਵੀਂ ਯਾਦਗਾਰ ਛੇਤੀ ਬਨਾਉਣ ਦੀ ਮੰਗ ਉਠਾਈ

ਵਰਲਡ ਪੰਜਾਬੀ ਟਾਈਮਜ਼
ਜਗਮੋਹਨ ਸ਼ਾਹ ਰਾਇਸਰ




ਮਹਿਲ ਕਲਾਂ,30ਦਸੰਬਰ : ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ( ਬਰਨਾਲਾ) ਦੀ ਵਿਸ਼ੇਸ਼ ਮੀਟਿੰਗ ਕਲੱਬ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸ਼ੁਰੂਆਤ ਮੌਕੇ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਜੀ, ਚਾਰ ਸ਼ਾਹਿਬਜ਼ਾਦਿਆ ਅਤੇ ਸਮੂਹ ਸੂਰਬੀਰ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਿੱਜਦਾ ਕੀਤਾ ਗਿਆ। ਇਸ ਉਪਰੰਤ ਬੋਲਦਿਆਂ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਨੇ ਫੀਲਡ ਵਿਚ ਕੰਮ ਕਰਦੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਪੈਨਸ਼ਨ, ਬੀਮਾ ਯੋਜਨਾ, ਰਿਹਾਇਸ਼ ਲਈ ਪਲਾਟ, ਮਕਾਨ ਉਸਾਰੀ ਬੈਕ ਲੋਨ, ਬੱਚਿਆਂ ਦੀ ਉਚ ਵਿਦਿਆ ਲਈ ਬਿਨਾਂ ਵਿਆਜ ਕਰਜਾ ਆਦਿ ਸਹੂਲਤਾਂ ਲਾਗੂ ਕਰਨ ਦੇ ਨਾਲ-ਨਾਲ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਨਾਉਣ ਦੀ ਮੰਗ ਕੀਤੀ। ਵੱਖ-ਵੱਖ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਐਲਾਨੀ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਦੇ ਸਰਪ੍ਰਸਤ ਕਾਮਰੇਡ ਪ੍ਰੀਤਮ ਸਿੰਘ ਦਰਦੀ ਦੀ ਢੁੱਕਵੀਂ ਯਾਦਗਾਰ ਤੁਰੰਤ ਬਨਾਉਣ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਕਾਮਰੇਡ ਪ੍ਰੀਤਮ ਦਰਦੀ ਦੇ ਸ਼ਰਧਾਂਜਲੀ ਸਮਾਗਮ ਮੌਕੇ 18 ਸਤੰਬਰ 2022 ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਸ਼ੰਦੇਸ਼ ਲੈ ਕੇ ਪਹੁੰਚੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਪੰਜਾਬ ਸਰਕਾਰ ਵਲੋਂ ਢੁਕਵੀਂ ਯਾਦਗਾਰ ਬਣਾਉਣ ਦਾ ਐਲਾਨ ਹਜ਼ਾਰਾਂ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆ ਕੀਤਾ ਸੀ। ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਜ਼ਿਲਾ ਲੀਡਰਸ਼ਿਪ ਮੌਜੁਦ ਸੀ। ਪਰ ਤਿੰਨ ਸਾਲ ਤੋਂ ਵੀ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਅਜੇ ਤੱਕ ਨੀਂਹ ਵੀ ਨਹੀਂ ਰੱਖੀ ਗਈ। ਇਸ ਸਬੰਧੀ ਕਈ ਵਾਰ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਯਾਦਗਾਰ ਦਾ ਕੰਮ ਅਜੇ ਤੱਕ ਸ਼ੁਰੂ ਨਹੀਂ ਹੋਇਆ । ਆਗੂਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਪਾਸੋਂ ਇਸ ਮਾਮਲੇ ਸਬੰਧੀ ਤੁਰੰਤ ਧਿਆਨ ਦੇ ਕੇ ਯਾਦਗਾਰ ਦੀ ਉਸਾਰੀ ਦਾ ਕੰਮ ਛੇਤੀ ਸ਼ੁਰੂ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਕਲੱਬ ਦੇ ਸਰਪ੍ਰਸਤ ਅਵਤਾਰ ਸਿੰਘ ਅਣਖੀ, ਵਿੱਤ ਸਕੱਤਰ ਬਲਵਿੰਦਰ ਸਿੰਘ ਵਜੀਦਕੇ, ਚੇਅਰਮੈਨ ਸੋਨੀ ਮਾਂਗੇਵਾਲ, ਸਕੱਤਰ ਪ੍ਰਦੀਪ ਸਿੰਘ ਲੋਹਗੜ੍ਹ, ਮੁੱਖ ਸਲਾਹਕਾਰ ਜਗਮੋਹਣ ਸ਼ਾਹ ਰਾਏਸਰ, ਰਾਜਵਿੰਦਰ ਸਿੰਘ ਖ਼ਾਲਸਾ, ਰਮਨਦੀਪ ਸਿੰਘ ਧਾਲੀਵਾਲ, ਬਲਵੰਤ ਸਿੰਘ ਚੁਹਾਣਕੇ, ਗੁਰਪ੍ਰੀਤ ਸਿੰਘ, ਆਦਿ ਹਾਜ਼ਰ ਸਨ।

## ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਨੇ ਲਾਇਆ ਖੂਨਦਾਨ ਕੈਂਪ, 50 ਯੂਨਿਟ ਖੂਨ ਇਕੱਤਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 30 ਦਸੰਬਰ : ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਸੰਬਰ ਮਹੀਨਾ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕਰਦਿਆਂ ‘ਪੀ.ਬੀ.ਜੀ. ਵੈਲਫੇਅਰ ਕਲੱਬ’ ਵੱਲੋਂ ਪ੍ਰਧਾਨ ਰਾਜੀਵ ਮਲਿਕ, ਚੇਅਰਮੈਨ ਬਲਜੀਤ ਸਿੰਘ ਖੀਵਾ ਅਤੇ ਪ੍ਰੋਜੈਕਟ ਇੰਚਾਰਜ ਰਵੀ ਅਰੋੜਾ ਦੀ ਅਗਵਾਈ ਵਾਲੀ ਟੀਮ ਵੱਲੋਂ ਰੱਖੇ 1001 ਯੂਨਿਟ ਦੇ ਟੀਚੇ ਨੂੰ ਪੂਰਾ ਕਰਨ ਲਈ




ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਵੱਲੋਂ ਸਥਾਨਕ ਗੁਰਦਵਾਰਾ ਪਾਤਸ਼ਾਹੀ ਦਸਵੀਂ ਵਿਖੇ ਸਵੈਇਛੁੱਕ ਖੂਨਦਾਨ ਕੈਂਪ ਲਾਇਆ ਗਿਆ। ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਅਤੇ ਪ੍ਰੈਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਕਲੱਬ ਦਾ ਉਦਘਾਟਨ ਗੁਰਦਵਾਰਾ ਸਾਹਿਬ ਦੇ ਮੁੱਖ ਸੇਵਾਦਾਰਾ ਬਾਬਾ ਕੁਲਵੰਤ ਸਿੰਘ ਚਾਣਕੀਆ ਨੇ ਕੀਤਾ। ਉਹਨਾਂ ਦੱਸਿਆ ਕਿ ਕੈਂਪ ਦੋਰਾਨ 50 ਯੂਨਿਟ ਖੂਨ ਇਕੱਤਰ ਹੋਇਆ। ਕੈਂਪ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਪੀਆਰਓ ਮਨਪ੍ਰੀਤ ਸਿੰਘ ਮਨੀ ਧਾਲੀਵਾਲ ਨੇ ਕਲੱਬ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਆਖਿਆ ਕਿ ਇਸ ਤੋਂ ਜਿੱਥੇ ਹੋਰਨਾ ਨੂੰ ਪ੍ਰੇਰਨਾ ਮਿਲੇਗੀ, ਉੱਥੇ ਇਸ ਨਾਲ ਅਨੇਕਾਂ ਲੋੜਵੰਦ ਮਰੀਜਾਂ ਦੀ ਜਾਨ ਵੀ ਬਚਾਈ ਜਾ ਸਕੇਗੀ। ਕੈਂਪ ਦੌਰਾਨ ਉਪਰੋਕਤ ਤੋਂ ਇਲਾਵਾ ਨੀਰੂ ਪੁਰੀ, ਸਿਮਰਨਜੀਤ ਕੌਰ, ਮਾਹੀ ਵਰਮਾ, ਮੰਜੂ ਬਾਲਾ, ਮਨਮੋਹਨ ਸਿੰਘ ਚਾਵਲਾ, ਗੁਰਮੀਤ ਸਿੰਘ ਮੀਤਾ, ਸੁਖਵਿੰਦਰ ਸਿੰਘ ਗੱਗੂ, ਪਰਮਿੰਦਰ ਸਿੰਘ ਸਿੱਧੂ, ਕ੍ਰਿਸ਼ਨ ਲਾਲ ਬਿੱਲਾ, ਸ਼ਸ਼ੀ ਨਰੂਲਾ, ਗੁਰਪ੍ਰੀਤ ਸਿੰਘ ਮਾਨ, ਰਾਹੁਲ ਸ਼ਰਮਾ, ਰੋਹਿਤ ਕਾਲੜਾ, ਪਰਮਜੀਤ ਸਿੰਘ ਮੱਕੜ, ਨਰਿੰਦਰ ਸਿੰਘ, ਰਿੰਕੂ ਆਦਿ ਦਾ ਭਰਪੂਰ ਸਹਿਯੋਗ ਰਿਹਾ।

## ਕਲਮਾਂ ਦੇ ਰੰਗ ਵੈਲਫੇਅਰ ਸੁਸਾਇਟੀ ਫ਼ਰੀਦਕੋਟ ਵੱਲੋਂ ਮਨਾਈ ਜਾਵੇਗੀ 11 ਜਨਵਰੀ ਨੂੰ ਲੋਹੜੀ ਧੀਆਂ ਦੀ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਫ਼ਰੀਦਕੋਟ 30 ਦਸੰਬਰ : ਅੱਜ ਕਲਮਾਂ ਦੇ ਰੰਗ ਵੈਲਫੇਅਰ ਸੁਸਾਇਟੀ ਫ਼ਰੀਦਕੋਟ ਦੇ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਦੀ ਮੀਟਿੰਗ ਕਾਮਰੇਡ ਸ਼ਹੀਦ ਅਮੋਲਕ ਸਿੰਘ ਭਵਨ ਫ਼ਰੀਦਕੋਟ ਵਿਖੇ ਹੋਈ, ਜਿਸ ਵਿਚ ਸਰਬ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਅਲੱਗ ਅਲੱਗ ਖੇਤਰ ਵਿੱਚ ਚੰਗੀ ਕਾਰਗੁਜ਼ਾਰੀ ਕਰਨ ਵਾਲੀਆਂ ਧੀਆਂ ਦਾ ਸਨਮਾਨ ਸੁਸਾਇਟੀ ਵੱਲੋਂ 11 ਜਨਵਰੀ ਦਿਨ ਐਤਵਾਰ ਕਾਮਰੇਡ ਸ਼ਹੀਦ ਅਮੋਲਕ ਸਿੰਘ ਭਵਨ ਫ਼ਰੀਦਕੋਟ ਵਿਖੇ ਕੀਤਾ ਜਾਵੇਗਾ। ਇਸ ਸਮਾਗਮ ਦੀ ਸ਼ੁਰੂਆਤ ਲੋਹੜੀ ਬਾਲ ਕੇ ਕੀਤੀ ਜਾਵੇਗੀ ।



ਇਹ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਸ਼ਿਵਨਾਥ ਦਰਦੀ ਨੇ ਦੱਸਿਆ ਕਿ ਓਹ ਹਰ ਸਾਲ ਇਸੇ ਤਰਾਂ ਸੁਸਾਇਟੀ ਵੱਲੋਂ ਧੀਆਂ ਦਾ ਸਨਮਾਨ ਕਰਦੇ ਹਨ। ਓਨਾਂ ਕਿਹਾ ਕਿ ਅਜੇਹੇ ਚੰਗੇਰੇ ਕਾਰਜਾਂ ਲਈ ਸਾਡੀ ਸੁਸਾਇਟੀ ਹਮੇਸ਼ਾ ਮੂਹਰਲੀ ਕਤਾਰ ਵਿਚ ਖੜੀ ਹੈ।

ਇਸ ਸਮੇਂ ਸੁਸਾਇਟੀ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਸਰਾਂ , ਮੀਤ ਪ੍ਰਧਾਨ ਲੋਕ ਗਾਇਕ ਰਾਜ ਗਿੱਲ ਭਾਣਾ, ਕਾਨੂੰਨੀ ਸਲਾਹਕਾਰ ਐਡਵੋਕੇਟ ਪਰਦੀਪ ਅਟਵਾਲ , ਕਾਮਰੇਡ ਵੀਰ ਸਿੰਘ ਕੰਮੇਆਣਾ, ਬਲਕਾਰ ਸਿੰਘ ਸਹੋਤਾ ਆਦਿ ਹਾਜ਼ਰ ਸਨ।

## ਦਸਮੇਸ਼ ਸਕੂਲ ਦੇ ਐਨਐਸਐਸ ਵਲੰਟੀਅਰਾਂ ਨੇ ਕੀਤੀ ਗੁਰਦਵਾਰਾ ਸਾਹਿਬ ਦੀ ਕੀਤੀ ਸਫਾਈ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 30 ਦਸੰਬਰ : ਅੱਜ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਚੱਲ ਰਹੇ ਕੌਮੀ ਸੇਵਾ ਯੋਜਨਾ ਦੇ 7 ਰੋਜ਼ਾ ਕੈਂਪ ਦਾ 6ਵਾਂ ਦਿਨ ਸੀ, ਜਿਸ ਵਿੱਚ ਰੋਜ਼ਾਨਾ ਦੀ ਸ਼ਡਿਊਲ ਅਨੁਸਾਰ ਵਲੰਟੀਅਰ 5 ਵਜੇ ਉੱਠੇ। ਯੋਗਾ ਕਰਨ ਉਪਰੰਤ ਇਸ਼ਨਾਨ ਕਰਕੇ ਵਲੰਟੀਅਰਾਂ ਨੇ ਪਾਠ ਕੀਤਾ। ਨਾਸ਼ਤਾ ਕਰਨ ਉਪਰੰਤ ਪ੍ਰੋਜੈਕਟ ਵਰਕ ਵਿੱਚ ਅੱਜ ਵਲੰਟੀਅਰਾਂ ਨੇ ਮੇਨ ਗੁਰਦੁਆਰਾ ਸਾਹਿਬ ਹਰੀਨੌਂ ਅਤੇ ਸਮਾਧ ਭਾਈ ਸਾਈ ਦਾਸ ਜੀ ਹਰੀਨੌਂ ਵਿਖੇ ਸਾਫ ਸਫਾਈ ਦਾ ਕੰਮ ਕੀਤਾ। ਮੇਨ ਗੁਰਦੁਆਰਾ ਸਾਹਿਬ ਵਿਖੇ ਬਾਬਾ ਪਾਲਾ ਸਿੰਘ ਜੀ ਨੇ ਅਧਿਆਪਕਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਸਾਰੇ ਵਲੰਟੀਅਰਾਂ ਦੀ ਹੌਂਸਲਾ ਅਫਜਾਈ ਕਰਕੇ ਚਾਹ ਦਾ ਲੰਗਰ ਛਕਾਇਆ। ਅਜਿਹੇ ਕੰਮਾਂ ਨਾਲ ਵਿਦਿਆਰਥੀਆਂ ਵਿੱਚ ਆਪਸੀ ਸਹਿਯੋਗ ਅਤੇ ਸੇਵਾ ਭਾਵਨਾ ਵਿਕਸਿਤ ਹੁੰਦੀ ਹੈ। ਪ੍ਰੋਜੈਕਟ ਵਰਕ ਉਪਰੰਤ ਵਿਦਿਆਰਥੀਆਂ ਨੇ ਦੁਪਹਿਰ ਦਾ ਖਾਣਾ ਖਾਧਾ ਅਤੇ ਫਿਰ ਟਰੇਨਿੰਗ ਸੈਸ਼ਨ ਆਰੰਭ ਹੋਇਆ। ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਸ਼੍ਰੀਮਤੀ ਸ਼ਮਿੰਦਰ ਕੌਰ ਬਰਾੜ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਟਰੇਨਿੰਗ ਸੈਸ਼ਨ ਵਿੱਚ ਡਾ. ਬਲਜੀਤ ਕੌਰ (ਐੱਮ.ਡੀ. ਗਾਇਨੀ ਕੋਟਕਪੂਰਾ), ਵਿਨੋਦ ਵਰਮਾ (ਗਾਈਡੈਂਸ ਕੌਂਸਲਰ), ਪ੍ਰਮੋਦ ਧੀਰ (ਕੰਪਿਊਟਰ ਟੀਚਰ) ਅਤੇ ਮਨੀਸ਼ ਅਰੋੜਾ (ਮੈਨੇਜਰ ਕੋਆਪਰੇਟਿਵ ਬੈਂਕ ਹਰੀਨੌਂ) ਸ਼ਖਸ਼ੀਅਤਾਂ ਨੇ ਆਪਣੇ ਵੱਡਮੁੱਲੇ ਵਿਚਾਰ ਵਲੰਟੀਅਰਾਂ ਨਾਲ ਸਾਂਝੀ ਕੀਤੇ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ/ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਸੋਮਾ ਦੇਵੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਪੰਜਾਬੀ ਲੇਖਕ ਮੰਚ ਵੱਲੋਂ ‘ਸੁਰੀਲੇ ਫ਼ਨਕਾਰ ਗਾਇਕੀ ਮੁਕਾਬਲਾ’ ਫਰਵਰੀ ਵਿੱਚ ਹੋਵੇਗਾ : ਗੋਲ੍ਹੀ/ਪ੍ਰਵਾਨਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 30 ਦਸੰਬਰ : ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਤ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਸਾਹਿਤ ਤੇ ਸੰਗੀਤ ਨਾਲ ਜੋੜਨ ਲਈ ਪੰਜਾਬੀ ਲੇਖ਼ਕ ਮੰਚ ਫ਼ਰੀਦਕੋਟ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗਾਇਕੀ ਦੇ ਮੁਕਾਬਲੇ ‘ਸੁਰੀਲੇ ਫ਼ਨਕਾਰ’ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਮਨਜਿੰਦਰ ਸਿੰਘ ਗੋਲ੍ਹੀ ਅਤੇ ਜਨਰਲ ਸਕੱਤਰ ਡਾ. ਧਰਮ ਪ੍ਰਵਾਨਾ ਨੇ ਦੱਸਿਆ ਕਿ ਇਸ ਵਾਰ ਇਹ ਪ੍ਰੋਗਰਾਮ 14 ਫਰਵਰੀ 2026 ਨੂੰ ਫਰੀਦਕੋਟ ਵਿਖੇ ਹੀ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਵਿੱਚ ਨਵੇਂ ਅਤੇ ਪੁਰਾਣੇ ਕਲਾਕਾਰਾਂ ਨੂੰ ਆਪਣੀ ਕਲਾ ਦੇ ਜੌਹਰ ਦਿਖਾਉਣ ਦਾ ਬਹੁਤ ਵਧੀਆ ਮੌਕਾ ਦਿੱਤਾ ਜਾਵੇਗਾ। ਇਸ ਗਾਇਨ ਮੁਕਾਬਲੇ ਵਿੱਚ ਜੋ ਪਹਿਲੇ ਸਥਾਨ ’ਤੇ ਆਉਂਦਾ ਹੈ, ਉਸ ਗਾਇਕ/ਗਾਇਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਤੇ ਵਧੀਆ ਤਰੀਕੇ ਨਾਲ ਰਿਕਾਰਡ ਕਰਕੇ, ਗੀਤਾਂ ਦੀ ਵੀਡੀਓ ਬਣਾ ਕੇ ਵਿਸ਼ਵ ਪੱਧਰ ’ਤੇ ਰਿਲੀਜ਼ ਕੀਤਾ ਜਾਵੇਗਾ। ਸੋਲੋ ਗੀਤ ਮੁੰਡੇ ਤੇ ਕੁੜੀਆਂ ਤੋਂ ਇਲਾਵਾ ਡਿਊਟ ਗੀਤਾਂ ਦੇ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਜਿਸ ਵਿੱਚ ਕਲਾਕਾਰ ਗੀਤ ਪ੍ਰਸਿੱਧ ਲੇਖਕ ਸੁਲੱਖਣ ਸਿੰਘ ‘ਮੈਹਮੀ’ ਪੁਸਤਕ ‘ਸੁਰੀਲੇ ਬੋਲ’ ਗੀਤ ਸੰਗ੍ਰਹਿ ਵਿੱਚੋਂ ਹੀ ਬੋਲਣੇ ਹੋਣਗੇ। ਪ੍ਰਤੀਯੋਗੀਆਂ ਨੂੰ ਗੀਤ ਸਿਲੈਕਟ ਕਰਨ ਦੀ ਖੁੱਲ੍ਹ ਹੋਵੇਗੀ। ਹਰ ਇੱਕ ਕਲਾਕਾਰ ਨੇ ਦੋ ਗੀਤ ਤਿਆਰ ਕਰਨੇ ਹੋਣਗੇ ਅਤੇ ਇਹ ਗੀਤ ਜ਼ੁਬਾਨੀ ਪੇਸ਼ ਕਰਨੇ ਹੋਣਗੇ। ਕਿਤਾਬ ਤੋਂ ਬਾਹਰ ਕੋਈ ਵੀ ਗੀਤ ਪੇਸ਼ ਨਹੀਂ ਕੀਤਾ ਜਾਵੇਗਾ। ਇਸ ਪ੍ਰੋਗਰਾਮ ’ਚ ਭਾਗ ਲੈਣ ਲਈ ਵਧੇਰੇ ਜਾਣਕਾਰੀ ਲਈ ਮਨਜਿੰਦਰ ਸਿੰਘ ਗੋਲ੍ਹੀ ਫੋਨ 98156-41312 ਅਤੇ ਜਨਰਲ ਸਕੱਤਰ ਧਰਮ ਪ੍ਰਵਾਨਾ ਨਾਲ ਫੋਨ ਨੰਬਰ 98767-17686 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਤੀਰਥ ਯਾਤਰਾ ਬੱਸ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 30 ਦਸੰਬਰ : ਵਿਧਾਇਕ ਹਲਕਾ ਫ਼ਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਨੇ ਅੱਜ ਪਿੰਡ ਸਾਧਾਂ ਵਾਲਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਜਾਣ ਵਾਲੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਨੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਹ ਯੋਜਨਾ ਸਮਾਜ ਦੇ ਹਰ ਵਰਗ, ਖਾਸ ਕਰਕੇ ਵੱਡੀ ਉਮਰ ਦੇ ਨਾਗਰਿਕਾਂ, ਮਹਿਲਾਵਾਂ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀਆਂ ਧਾਰਮਿਕ ਆਸਥਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਤੀਰਥ ਅਸਥਾਨਾਂ ਦੇ ਮੁਫ਼ਤ ਦਰਸ਼ਨ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਯਾਤਰੀਆਂ ਲਈ ਆਵਾਜਾਈ, ਰਹਿਣ-ਸਹਿਣ ਅਤੇ ਭੋਜਨ ਦੀ ਪੂਰੀ ਸੁਵਿਧਾ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਹੋਰ ਦੱਸਿਆ ਕਿ ਅੰਮ੍ਰਿਤਸਰ ਦੇ ਦਰਸ਼ਨਾਂ ਦੌਰਾਨ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਇਤਿਹਾਸਕ ਅਤੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨਗੇ। ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਯਾਤਰਾਵਾਂ ਨਾਲ ਸਮਾਜ ਵਿੱਚ ਆਪਸੀ ਭਾਈਚਾਰਕ ਸਾਂਝ ਅਤੇ ਸਾਂਝੀ ਵਿਰਾਸਤ ਪ੍ਰਤੀ ਸਤਿਕਾਰ ਹੋਰ ਮਜ਼ਬੂਤ ਹੁੰਦਾ ਹੈ। ਇਸੇ ਤਰ੍ਹਾਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਜੈਤੋ ਹਲਕੇ ਦੇ ਪਿੰਡ ਔਲਖ ਤੋਂ ਸ਼ਰਧਾਲੂਆਂ ਦੇ ਜੱਥੇ ਨਾਲ ਬੱਸ ਰਵਾਨਾ ਹੋਈ। ਇਸ ਮੌਕੇ ਬੀ ਡੀ ਪੀ ਓ ਫ਼ਰੀਦਕੋਟ ਨੱਥਾ ਸਿੰਘ, ਪਿੰਡਾਂ ਦੇ ਸਰਪੰਚ, ਪੰਚ, ਪਾਰਟੀ ਵਰਕਰ, ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

# 2025 ਵਿੱਚ ਵਿਛੜੇ ਸਿਤਾਰੇ

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

ਸਮਾਂ ਅਤੇ ਸਮੁੰਦਰ ਦੀਆਂ ਲਹਿਰਾਂ ਕਿਸੇ ਦੀ ਉਡੀਕ ਨਹੀਂ ਕਰਦੀਆਂ।ਪਲ ਪਲ ਬੀਤਦਾ ਸਮਾਂ ਆਪਣੇ ਪਿੱਛੇ ਕੌੜੀਆਂ ਮਿੱਠੀਆਂ ਯਾਦਾਂ ਛੱਡ ਜਾਂਦਾ ਹੈ ਜਿਨ੍ਹਾਂ ਨੂੰ ਭੁਲਾਉਣਾ ਮੁਸ਼ਿਕਲ ਹੀ ਨਹੀਂ ਸਗੋਂ ਬਹੁਤ ਔਖਾ ਹੋ ਜਾਂਦਾ ਹੈ।2025 ਵਿੱਚ ਬਾਲੀਵੁੱਡ ਅਤੇ ਪਾਲੀਵੁੱਡ ਦੇ ਅਜਿਹੇ ਬਹੁਤ ਮਸ਼ਹੂਰ ਅਦਾਕਾਰ ਅਤੇ ਗਾਇਕ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ ਜਿਨ੍ਹਾਂ ਬਾਰੇ ਯਾਦ ਕਰਕੇ ਇਹ ਯਕੀਂਨ ਕਰਨਾ ਵੀ ਮੁਸ਼ਿਕਲ ਹੋ ਰਿਹਾ ਹੈ ਕਿ ਉਹ ਦੁਨੀਆਂ ਵਿੱਚ ਨਹੀਂ ਰਹੇ।ਇਹ ਅਦਾਕਾਰ ਸ਼ਰੀਰਕ ਰੂਪ ਵਿੱਚ ਤਾਂ ਭਲਾ ਸਾਡੇ ਕੋਲ ਨਾ ਹੋਣ ਪ੍ਰੰਤੂ ਆਪਣੀ ਕਲਾ ਦੇ ਰੂਪ ਵਿੱਚ ਹਮੇਸ਼ਾ ਸਾਡੇ ਵਿਚਕਾਰ ਜਿਉਂਦੇ ਰਹਿਣਗੇ।



(1)- ਅਲਵਿਦਾ ਚਾਚਾ ਚਤਰਾ- ਆਪਣੀ ਕਾਮੇਡੀ ਨਾਲ ਪੰਜਾਬੀਆਂ ਦੇ ਨਾਲ ਨਾਲ ਪੂਰੇ ਸੰਸਾਰ ਵਿੱਚ ਚਾਚਾ ਚਤਰਾ ਦੇ ਨਾਂ ਨਾਲ ਜਾਣੇ ਜਾਂਦੇ ਜਸਵਿੰਦਰ ਭੱਲਾ ਦਾ ਜਨਮ 04 ਮਈ 1960 ਨੂੰ ਦੋਰਾਹਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ।1988 ਵਿੱਚ ਆਪਣੇ ਸਾਥੀ ਬਾਲ ਮੁਕੰਦ ਸ਼ਰਮਾ ਨਾਲ ਛਣਕਾਟਾ ਸ਼ੁਰੂ ਕਰਨ ਵਾਲੇ ਜਸਵਿੰਦਰ ਭੱਲਾ ਨੇ ਦੁੱਲਾ ਭੱਟੀ, ਮਾਹੌਲ ਠੀਕ ਹੈ,ਬਦਲਾ ਦਿ ਰਿਵੇਂਜ,ਜੱਟ ਐਂਡ ਜੂਲੀਅਟ,ਜਿੰਨੇ ਜੰਮੇ ਸਾਰੇ ਨਿਕੰਮੇ,ਵੇਖ ਬਰਾਤਾਂ ਚੱਲੀਆਂ, ਵਧਾਈਆਂ ਜੀ ਵਧਾਈਆਂ,ਜਿਹਨੇ ਮੇਰਾ ਦਿਲ ਲੁੱਟਿਆ,ਮਿਸਟਰ ਐਂਡ ਮਿਸਿਜ਼ 420 ਅਤੇ ਮਿਸਟਰ ਐਂਡ ਮਿਸਿਜ਼ 420 ਰਿਟਰਨ ਵਰਗੀਆਂ ਸੁਪਰਹਿੱਟ ਫ਼ਿਲਮਾਂ ਪੌਲੀਵੁੱਡ ਨੂੰ ਦਿੱਤੀਆਂ। ਉਹਨਾਂ ਦੇ ਡਾਇਲਾਗ ਦਰਸ਼ਕਾਂ ਦੇ ਅੱਜ ਵੀ ਮੂੰਹ ਚੜ੍ਹੇ ਹੋਏ ਹਨ ਜਿਵੇਂ ਢਿੱਲੋਂ ਨੇ ਕਾਲਾ ਕੋਟ ਐਂਵੇ ਨੀ ਪਾਇਆ,ਗੰਦੀ ਔਲਾਦ ਨਾ ਮਜ਼ਾ ਨਾ ਸਵਾਦ, ਜੇ ਚੰਡੀਗੜ੍ਹ ਢਹਿ ਜੁ ਪਿੰਡਾਂ ਜੋਗਾ ਤਾਂ ਰਹਿ ਜੁ ਜੇ ਪਿੰਡ ਹੀ ਢਹਿ ਜੁ ਤਾਂ ਪਿੱਛੇ ਕੀ ਰਹਿ ਜੁ, ਜੁੱਤੀ ਤੰਗ ਅਤੇ ਜਵਾਈ ਨੰਗ ਸਾਰੀ ਉਮਰ ਮੱਤ ਮਾਰੀ ਰੱਖਦੇ ਆ , ਇਹਨਾਂ ਡਾਇਲਾਗ ਨੂੰ ਜਦੋਂ ਵੀ ਸੁਣਦੇ ਆ ਤਾਂ ਅੱਜ਼ ਵੀ ਹੱਸ ਹੱਸ ਕੇ ਢਿੱਡੀਂ ਪੀੜਾਂ ਪੈ ਜਾਂਦੀਆਂ ਹਨ।ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦੇ ਦਿਲਾਂ ਵਿੱਚ ਛਾਪ ਛੱਡਣ ਵਾਲੇ ਚਾਚਾ ਚਤਰਾ 22 ਅਗਸਤ 2025 ਨੂੰ ਮੁਹਾਲੀ ਦੇ ਫੌਰਟਿਸ ਹਸਪਤਾਲ ਵਿੱਚ ਆਪਣੇ ਚਾਹੁਣ ਵਾਲਿਆਂ ਨੂੰ ਸਦਾ ਸਦਾ ਲਈ ਅਲਵਿਦਾ ਕਹਿ ਗਏ।



(2)- ਗਾਇਕ ਅਤੇ ਗੀਤਕਾਰ ਜ਼ੁਬਿਨ ਗਰਗ – ਯਾ ਅਲੀ, ਦਿਲ ਤੂੰ ਹੀ ਬਤਾ,ਝੂਮ ਬਰਾਬਰ ਝੂਮ ਅਤੇ ਖ਼ੁਦਾ ਜਾਣੇ ਵਰਗੇ ਗੀਤਾਂ ਨੂੰ ਆਵਾਜ਼ ਦੇਣ ਵਾਲੇ ਜ਼ੁਬਿਨ ਗਰਗ ਦਾ 19 ਸਤੰਬਰ ਨੂੰ ਸਿੰਘਾਪੁਰ ਵਿੱਚ ਦੇਹਾਂਤ ਹੋ ਗਏ।ਇੱਕ ਚੰਗੇ ਗਾਇਕ ਦੇ ਨਾਲ ਨਾਲ ਉਹ ਇੱਕ ਚੰਗੇ ਗੀਤਕਾਰ ਵੀ ਸਨ।



(3)- ਸੱਭਿਆਚਾਰ ਹੀਰਾ ਰਾਜਵੀਰ ਜਵੰਦਾ – ਸੱਭਿਆਚਾਰ ਅਤੇ ਪੰਜਾਬੀ ਬੋਲੀ ਦਾ ਉੱਭਰਦਾ ਗੀਤਕਾਰ ਅਤੇ ਅਦਾਕਾਰ ਰਾਜਵੀਰ ਜਵੰਦਾ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਕੇ 08 ਅਕਤੂਬਰ ਨੂੰ ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਿਆ।ਉਸ ਦੀ ਸਮੁੱਚੀ ਗਾਇਕੀ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਰਹੀ।ਉਹ ਮਹੱਬਤ ਦਾ ਮੁੱਦਈ ਸੀ। ਧੀਆਂ, ਜੰਮੇ ਨਾਲ ਦੇ,ਸਕੂਨ,ਕਮਲਾ,ਕੰਗਣੀ,ਸਰਦਾਰੀ,ਮਿੱਤਰਾ ਨੇ ਦਿਲ ਮੰਗਿਆ, ਮਾਵਾਂ, ਪਟਿਆਲੇ ਵਾਲਾ ਅਤੇ ਜੋਗੀਆ,ਰੀਬੋਰਨ ਹੀਰ ਸਾਰੇ ਹੀ ਦਿਲ ਨੂੰ ਛੂੰਹਦੇ ਹਨ।ਮਿੰਦੋ ਤਹਿਸੀਲਦਾਰਣੀ,ਜਿੰਦ ਜਾਨ ਅਤੇ ਸੂਬੇਦਾਰ ਜੋਗਿੰਦਰ ਸਿੰਘ ਵਰਗੀਆਂ ਫਿਲਮਾਂ ਵਿੱਚ ਕੀਤੀ ਅਦਾਕਾਰੀ ਵੀ ਲਾਜਵਾਬ ਅਤੇ ਹਰ ਇੱਕ ਦੇ ਦਿਲ ਨੂੰ ਸਕੂਨ ਦੇਣ ਵਾਲੀ ਸੀ। ਛੋਟੀ ਉਮਰੇ ਹੀ ਇਸ ਦੁਨੀਆਂ ਤੋਂ ਰੁਖ਼ਸਤ ਹੋਣ ਵਾਲੇ ਰਾਜਵੀਰ ਜਵੰਦਾ ਦੀ ਜ਼ਿੰਦਗੀ ਉਭਰਦੇ ਕਲਾਕਾਰਾਂ ਨੂੰ ਇਹ ਸੰਦੇਸ਼ ਦੇਣ ਵਿੱਚ ਕਾਮਯਾਬ ਰਹੀ ਹੈ ਕਿ ਪ੍ਰਸਿੱਧੀ ਹਾਸਿਲ ਕਰਨ ਲਈ ਲੱਚਰਤਾ ਅਤੇ ਸ਼ੋਰ ਸ਼ਰਾਬੇ ਵਾਲੇ ਸੰਗੀਤ ਦੀ ਜ਼ਰੂਰਤ ਨਹੀਂ ਮਰਿਆਦਾ ਅਤੇ ਸੱਭਿਆਚਾਰ ਦਾ ਪੱਲਾ ਫੜ ਕੇ ਵੀ ਪ੍ਰਸਿੱਧੀ ਹਾਸਿਲ ਕੀਤੀ ਜਾ ਸਕਦੀ ਹੈ।



(4)- ਮਹਾਭਾਰਤ ਦਾ ਕਰਣ – ਦੂਰਦਰਸ਼ਨ ਦੇ ਪ੍ਰਸਿੱਧ ਸੀਰੀਅਲ ਮਹਾਂਭਾਰਤ ਵਿੱਚ ਕਰਣ ਦੀ ਭੂਮਿਕਾ ਨਿਭਾਉਣ ਵਾਲੇ ਪੰਕਜ਼ ਧੀਰ ਨੇ 15 ਅਕਤੂਬਰ ਨੂੰ ਆਖ਼ਰੀ ਸਾਂਹ ਲਏ। ਉਹਨਾਂ ਨੇ ਚੰਦਰਕਾਂਤਾ ਅਤੇ ਦੇਵੋਂ ਕੇ ਦੇਵ ਮਹਾਦੇਵ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਨੇ ਬਾਦਸ਼ਾਹ, ਸੋਲਜਰ, ਟਾਰਜ਼ਨ ਦਿ ਵੰਡਰ ਕਾਰ ਅਤੇ ਸੜਕ ਵਰਗੀਆਂ ਹਿੱਟ ਫਿਲਮਾਂ ਕੀਤੀਆਂ।



(5)- ਭਾਰਤੀ ਬੌਡੀ ਬਿਲਡਰ ਅਤੇ ਐਕਟਰ ਵਰਿੰਦਰ ਸਿੰਘ ਘੁੰਮਣ -ਕਬੱਡੀ ਵਨਸ ਅਗੇਨ,ਟਾਈਗਰ -3 ਅਤੇ ਮਰਜਾਵਾ ਵਰਗੀਆਂ ਫਿਲਮਾਂ ਵਿੱਚ ਆਪਣੀ ਅਦਾਕਾਰੀ ਨਾਲ ਦਿਲ ਜਿੱਤਣ ਵਾਲੇ ਵਰਿੰਦਰ ਸਿੰਘ ਘੁੰਮਣ ਦਾ 09 ਅਕਤੂਬਰ ਨੂੰ ਸਰਜਰੀ ਦੌਰਾਨ ਦੇਹਾਂਤ ਹੋ ਗਿਆ।



(6)- ਅੰਗਰੇਜੋਂ ਕੇ ਜ਼ਮਾਨੇ ਕਾ ਜੇਲ੍ਹਰ – ਹਮ ਅੰਗਰੇਜੋਂ ਕੇ ਜ਼ਮਾਨੇ ਕੇ ਜੇਲ੍ਹਰ ਹੈ, 1975 ਵਿੱਚ ਰਿਲੀਜ਼ ਹੋਈ ਫ਼ਿਲਮ ਸ਼ੋਲੇ ਦੇ ਇਸ ਦਮਦਾਰ ਕਿਰਦਾਰ ਅਤੇ ਡਾਇਲਾਗ ਨੂੰ ਦਰਸ਼ਕਾਂ ਦੇ ਦਿਲਾਂ ਵਿੱਚ ਅਮਰ ਕਰਨ ਵਾਲੇ ਅਸਰਨੀ 20 ਅਕਤੂਬਰ ਨੂੰ ਸਦਾ ਸਦਾ ਲਈ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ।01 ਜੂਨ 1941 ਨੂੰ ਜੈਪੁਰ ਵਿੱਚ ਜਨਮੇ ਅਸਰਨੀ ਗੋਵਰਧਨ ਫਿਲਮਾਂ ਵਿੱਚ ਅਸਰਨੀ ਦੇ ਨਾਮ ਨਾਲ ਜਾਣੇ ਜਾਣ ਲੱਗੇ। ਉਹਨਾਂ ਨੇ 350 ਤੋਂ ਵੱਧ ਫਿਲਮਾਂ ਵਿੱਚ ਅਦਾਕਾਰੀ ਕੀਤੀ ਜਿਸ ਵਿੱਚ ਸ਼ੋਲੇ,ਸੀਤਾ ਔਰ ਗੀਤਾ, ਚੰਡਾਲ,ਨਮਕ ਹਰਾਮ, ਹਿੰਮਤਵਾਲਾ,ਧਮਾਲ,ਮੁਕੱਦਰ ਕਾ ਬਾਦਸ਼ਾਹ,ਦੁਲਹੇ ਰਾਜਾ,ਮਾਲਾਮਾਲ ਵੀਕਲੀ,ਆਜ ਕਾ ਅਰਜੁਨ ,ਖੱਟਾ ਮੀਠਾ,ਦੇ ਦਨਾ ਦਨ,ਭੂਲ ਭੁਲੱਈਆ ਆਦਿ ਸ਼ਾਮਿਲ ਹਨ।



(7)- ਅਦਾਕਾਰ ਸ਼ਤੀਸ਼ ਸ਼ਾਹ -25 ਜੂਨ 1951 ਨੂੰ ਮੁਬੰਈ ਵਿੱਚ ਜਨਮੇ ਸਤੀਸ਼ ਸ਼ਾਹ ਨੇ ਭੂਤਨਾਥ, ਫ਼ਿਰ ਵੀ ਦਿਲ ਹੈ ਹਿੰਦੁਸਤਾਨੀ,ਅਨਾਰੀ ਨੰ 1,ਓਮ ਸ਼ਾਂਤੀ ਓਮ,ਵੀਰਾਨਾ, ਮੁਝਸੇ ਸ਼ਾਦੀ ਕਰੋਗੀ,ਕਲ ਹੋ ਨਾ ਹੋ,ਪੁਰਾਣੀ ਹਵੇਲੀ,ਜੁੜਵਾ ਅਤੇ ਹਾਤਿਮ ਤਾਈ ਵਰਗੀਆਂ ਸੁਪ੍ਰਸਿੱਧ ਫਿਲਮਾਂ ਸ਼ਾਮਿਲ ਹਨ।ਇਸ ਹਾਸਰਸ ਕਲਾਕਾਰ ਨੇ 25 ਅਕਤੂਬਰ 2025 ਨੂੰ ਮੁਬੰਈ ਵਿੱਚ ਅੰਤਿਮ ਸਾਂਹ ਲਏ।



(8)- ਗਾਇਕਾ ਅਤੇ ਅਦਾਕਾਰਾ ਸੁਲੱਕਸ਼ਨਾ ਪੰਡਿਤ – 12 ਜੁਲਾਈ 1954 ਨੂੰ ਜਨਮੀ ਸੁਲੱਕਸ਼ਨਾ ਪੰਡਿਤ ਇੱਕ ਬਿਹਤਰੀਨ ਅਦਾਕਾਰਾ ਦੇ ਨਾਲ ਨਾਲ ਗਾਇਕਾ ਵੀ ਰਹੀ। ਉਸਨੇ ਵਕਤ ਕੀ ਦੀਵਾਰ,ਹੇਰਾ ਫ਼ੇਰੀ,ਗੋਰਾ, ਸੰਕੋਚ, ਫਾਂਸੀ,ਸਲਾਂਖੇ ਅਤੇ ਖ਼ਾਨਦਾਨ ਵਰਗੀਆਂ ਸੁਪਰ ਹਿੱਟ ਫਿਲਮਾਂ ਰਾਹੀਂ ਦਰਸ਼ਕਾਂ ਦੇ ਦਿਲਾਂ ਵਿੱਚ ਇੱਕ ਖ਼ਾਸ ਜਗ੍ਹਾ ਬਣਾਈ।06 ਨਵੰਬਰ 2025 ਨੂੰ 71 ਸਾਲਾਂ ਦੀ ਉਮਰ ਵਿੱਚ ਇਸ ਖੂਬਸੂਰਤ ਅਤੇ ਦਿਲਕਸ਼ ਅਦਾਕਾਰਾ ਨੇ ਮੁਬੰਈ ਵਿਚ ਆਖ਼ਰੀ ਸਾਂਹ ਲਏ।




(9)- ਗੀਤਕਾਰ ਨਿੰਮਾ ਲੌਹਾਰਕਾ – 24 ਮਾਰਚ 1977 ਨੂੰ ਪਿਤਾ ਦਰਸ਼ਨ ਸਿੰਘ ਅਤੇ ਮਾਤਾ ਦਲਵੀਰ ਕੌਰ ਦੇ ਘਰ ਅਮ੍ਰਿਤਸਰ ਦੀ ਅਜਨਾਲਾ ਤਹਿਸੀਲ ਦੇ ਲੌਹਾਰਕਾ ਪਿੰਡ ਵਿੱਚ ਜਨਮੇ ਨਿਰਮਨ ਸਿੰਘ ਨੂੰ ਨਿੰਮਾ ਲੌਹਾਰਕਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨਿੰਮਾ ਲੌਹਾਰਕਾ ਨੇ 500 ਤੋਂ ਜ਼ਿਆਦਾ ਗੀਤ ਲਿਖੇ ਜ਼ੋ 150 ਤੋਂ ਵੱਧ ਗੀਤਕਾਰਾਂ ਨੂੰ ਦਿੱਤੇ। ਉਹਨਾਂ ਦੇ ਹਿੱਟ ਗਾਇਕਾਂ ਵਿੱਚ ਦਿਲ ਦਿੱਤਾ ਨਈ ਸੀ ਠੋਕਰਾਂ ਖਵਾਉਣ ਵਾਸਤੇ,ਇੰਝ ਬਦਲੇ ਸੱਜਣ ਰਾਤੋਂ ਰਾਤ, ਕਚਹਿਰੀਆਂ ਚ ਮੇਲੇ ਲੱਗਦੇ,ਕੀ ਸਮਝਾਈਏ ਸੱਜਣਾ ਇਹਨਾਂ ਨੈਣ ਕਮਲਿਆਂ ਨੂੰ,ਤੂੰ ਤਾਂ ਸਾਹਾਂ ਤੋਂ ਵੀ ਪਿਆਰਾ,ਨਨਕਾਣੇ ਵੱਲ ਜਾਂਦੇ ਰਾਹੀਉ ਅਤੇ ਮੇਰਾ ਕੀ ਆ ਹਾਲ ਮੇਰੀ ਮਾਂ ਨੂੰ ਨਾ ਦੱਸਿਓ ਸ਼ਾਮਿਲ ਹਨ। ਗਾਇਕਾਂ ਨੂੰ ਬੁਲੰਦੀ ਤੇ ਪਹੁਚਾਉਣ ਵਾਲੇ ਗੀਤਕਾਰ ਨੂੰ ਅੰਤਿਮ ਸਮੇਂ ਇਹ ਸ਼ਿਕਵਾ ਰਿਹਾ ਕਿ ਸਮੇਂ ਦੇ ਬਦਲਣ ਨਾਲ ਕੋਈ ਉਸ ਦੇ ਗੀਤਾਂ ਦੀ ਕ਼ਦਰ ਨਹੀਂ ਕਰ ਰਿਹਾ। ਆਰਥਿਕ ਮੰਦਹਾਲੀ ਦਾ ਜੂਝਦਾ ਨਿੰਮਾ ਲੌਹਾਰਕਾ 15 ਨਵੰਬਰ (48) ਨੂੰ ਸਦਾ ਲਈ ਆਪਣੇ ਚਾਹੁਣ ਵਾਲਿਆਂ ਨੂੰ ਅਲਵਿਦਾ ਕਹਿ ਕੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ।



(10)- ਗਾਇਕ ਹਰਮਨ ਸਿੱਧੂ – ਪੇਪਰ ਯਾ ਪਿਆਰ(2007) ਲਾਡਲਾ (2009),ਕਿਊਟ ਜੱਟੀ(2023)ਮੁਲਤਾਨ ਵਰਸਜ ਰਸ਼ੀਆ (2023),ਤੇਰਾ ਮੇਰਾ ਕੀ ਮੁਕਾਬਲਾ, ਬੇਬੇ ਬਾਪੂ,PB 31 ਸੇਮ ਸੇਮ,(2023),ਚੰਨ(2024),ਮੇਲਾ,ਮੋਬਾਇਲ ਅਤੇ ਪੈ ਗਿਆ ਪਿਆਰ ਵਰਗੇ ਹਿੱਟ ਗਾਣਿਆਂ ਅਤੇ ਐਲਬਮਾਂ ਨੂੰ ਆਪਣੀ ਬੁਲੰਦ ਆਵਾਜ਼ ਦੇਣ ਵਾਲੇ ਹਰਮਨ ਸਿੱਧੂ ਦਾ 22 ਨਵੰਬਰ ਨੂੰ ਇੱਕ ਸੜਕ ਹਾਦਸੇ ਵਿੱਚ ਬੇਵਕਤੀ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਜਾਣਾ ਉਸ ਦੇ ਚਾਹੁਣ ਵਾਲਿਆਂ ਲਈ ਸਹਿਣ ਨਹੀਂ ਹੋ ਰਿਹਾ।ਮਾਨਸਾ ਦੇ ਖਿਆਲਾਂ ਕਲਾਂ ਵਿੱਚ ਜਨਮੇ ਹਰਮਨ ਸਿੱਧੂ ਨੇ ਆਪਣੀ ਗਾਇਕੀ ਰਾਹੀਂ ਕੁੱਝ ਹੀ ਸਮੇਂ ਵਿੱਚ ਆਪਣੀ ਕਾਬਲੀਅਤ ਨਾਲ ਸਮੇਂ ਦੇ ਚੋਟੀ ਦੇ ਗਾਇਕਾਂ ਵਿੱਚ ਆਪਣਾ ਨਾਮ ਦਰਜ਼ ਕਰਵਾਇਆ।ਉਸ ਨੇ ਹਜ਼ਾਰਾਂ ਲਾਈਵ ਸ਼ੋਅਜ਼ ਕੀਤੇ।ਉਸ ਨੇ ਮਿਸ ਪੂਜਾ ਅਤੇ ਗੁਰਲੇਜ਼ ਅਖ਼ਤਰ ਨਾਲ ਵੀ ਗੀਤ ਗਾਏ ਜਿਸ ਨੂੰ ਦਰਸ਼ਕਾਂ ਵੱਲੋਂ ਭਰਪੂਰ ਪਿਆਰ ਦਿੱਤਾ ਗਿਆ।ਬਚਪਨ ਤੋਂ ਹੀ ਸੰਗੀਤ ਦਾ ਸ਼ੌਕ ਰੱਖਣ ਵਾਲੇ ਹਰਮਨ ਲਈ ਸੰਗੀਤ ਹੀ ਅੱਗੇ ਜਾ ਕੇ ਕਰੀਅਰ ਅਤੇ ਰੂਹ ਦੀ ਖ਼ੁਰਾਕ ਬਣ ਗਿਆ। ਥੋੜੇ ਹੀ ਸਮੇਂ ਵਿੱਚ ਆਪਣੀ ਗਾਇਕੀ ਨਾਲ ਸਰੋਤਿਆਂ ਦੇ ਦਿਲਾਂ ਵਿੱਚ ਜਗ੍ਹਾ ਬਣਾਉਣ ਵਾਲੇ ਹਰਮਨ ਸਿੱਧੂ ਦਾ ਛੋਟੀ ਹੀ ਉਮਰ (37 ਸਾਲ) ਵਿੱਚ ਇਸ ਦੁਨੀਆਂ ਤੋਂ ਰੁਖ਼ਸਤ ਹੋ ਜਾਣਾ ਬਹੁਤ ਮੰਦਭਾਗਾ ਅਤੇ ਦਰਦਨਾਕ ਹੈ।



(11)- ਹੀ ਮੈਨ ਧਰਮਿੰਦਰ – 1935 ਵਿੱਚ ਜਨਮੇ ਧਰਮਿੰਦਰ ਉਰਫ਼ ਹੀ ਮੈਨ ਦੇ ਨਾਂ ਨਾਲ ਜਾਣੇ ਜਾਂਦੇ ਜੱਟ ਯਮਲਾ ਪਗਲਾ ਦੀਵਾਨਾ 89 ਸਾਲ ਦੀ ਉਮਰ ਵਿੱਚ ਆਖ਼ਰੀ ਸਾਂਹ ਲਏ।ਸੋਅਲੇ ਵਰਗੀਆਂ ਹਿੱਟ ਫਿਲਮਾਂ ਦੇਣ ਵਾਲੇ ਧਰਮਿੰਦਰ ਨੇ 300 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ ਜਿਸ ਵਿੱਚ ਚੁਪਕੇ ਚੁਪਕੇ, ਅਨੁਪਮਾ,,ਸੱਤਿਆਕਾਮ, ਸੀਤਾ ਔਰ ਗੀਤਾ, ਯਾਦੋਂ ਕੀ ਬਾਰਾਤ, ਪ੍ਰਤਿਗਿਆ,ਧਰਮ ਵੀਰ,ਕੁੰਦਨ,ਪੁਲਿਸ ਵਾਲਾ ਗੁੰਡਾ, ਅਪਨੇ,ਯਮਲਾ ਪਗਲਾ ਦੀਵਾਨਾ, ਲੋਹਾ ਅਤੇ ਤਹਿਲਕਾ ਵਰਗੀਆਂ ਸੁਪਰਹਿੱਟ ਫ਼ਿਲਮਾਂ ਸ਼ਾਮਿਲ ਹਨ।24 ਨਵੰਬਰ ਨੂੰ ਧਰਮਿੰਦਰ ਭਾਜੀ ਦੇ ਜਾਣ ਨਾਲ ਫ਼ਿਲਮੀ ਸਫ਼ਰ ਦੇ ਇੱਕ ਯੁੱਗ ਦਾ ਅੰਤ ਹੋ ਗਿਆ।



(12)- ਮਨੀ ਕੁਲਾਰ – ਅਕਾਲ, ਤਖਤਗੜ੍ਹ, ਉੜਤਾ ਪੰਜਾਬ,ਉੱਚਾ ਪਿੰਡ ਅਤੇ ਖ਼ਤਰੇ ਦਾ ਘੁੱਗੂ ਵਰਗੀਆਂ ਫਿਲਮਾਂ ਵਿੱਚ ਬਿਹਤਰੀਨ ਅਦਾਕਾਰੀ ਨਿਭਾਉਣ ਵਾਲਾ ਮਨੀ ਕੁਲਾਰ 03 ਦਸੰਬਰ ਨੂੰ ਅਚਾਨਕ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ,ਉਹ ਆਪਣੀ ਆਉਣ ਵਾਲੀ ਵੈੱਬ ਸੀਰੀਜ਼ ਤੂਤਾਂ ਵਾਲਾ ਖੂਹ ਦੀ ਸ਼ੂਟਿੰਗ ਕਰ ਰਿਹਾ ਸੀ।